**Government of Punjab**
**Department of Housing and Urban Development**
**(Housing-1 Branch)**

## NOTIFICATION OF THE SOCIAL IMPACT ASSESSMENT

**Notification No:H-U-H1/81/2026-6H1**/ 748 **Dated:** 23/04/2026.

Greater Mohali Area Development Authority, (GMADA), a special Development Authority constituted by the Government of Punjab has been entrusted to do planned development of Sahibzada Ajit Singh Nagar (Mohali). In this connection GMADA has already acquired land for setting up of the Ecocity-3 Residential Project however, some Khasra numbers were left to be acquired now it is proposed to acquire missing khasra number (13.2814 Acres) in village Rasulpur, Takipur, Rajgarh, Majra, Kartarpur, Kansala and Hoshiyarpur in the area of Sub-Tehsil Majri, Tehsil Kharar, District Sahibzada Ajit Singh Nagar for completion of the residential project as per approved Master Plan of New Chandigarh as per drawing No. 2252/15/DTP(S) dated 28.12.2015.

It is hereby notified that the Social Impact Assessment shall be carried out in consultation with the concerned Gram Panchayat in the affected area. The proposed acquisition of aforesaid Project would entail approximately about **13.2814** acres of land. This land shall be acquired from villages Rasulpur, Takipur, Rajgarh, Majra, Kartarpur, Kansala and Hoshiyarpur in the area of Sub-Tehsil Majri, Tehsil Kharar, District Sahibzada Ajit Singh Nagar. The main objectives of Social Impact Assessment (SIA) is to:-

a) Assess whether the proposed acquisition serves public purpose.

b) Estimate number of affected families and number of families among them likely to be displaced

c) Understand extent of land public and private, houses, settlements and other common properties likely to be affected by the proposed acquisition

d) Understand extent of land proposed to be acquired is bare minimum needed for the project

e) Analyse alternate place (if any)

f) Study of the Social impacts of the project, and nature and cost of addressing them and impact of these costs on the overall cost of the project vis-à-vis the benefit of the project.

This notification is made under the provision of Section-4(I) of ***"The Right To Fair Compensation & Transparency In Land Acquisition, Rehabilitation & Resettlement Act 2013"*, (NO. 30 OF 2013).**

It is hereby notified that the acquisition of land under the proposed project falls under the provision of section 2(1)-(e) ***project for planned development***. Thus, provision of section 2 (2) i.e. consent of GramSabha/Land Owners is not required for this project. It is to be noted that entire Social Impact Assessment (SIA) shall be carried out in consultation with Panchayat and land owners.

The Social Impact Assessment (SIA) shall commence from the date of issuance of the Social Impact Assessment (SIA) notification, which shall be completed within 6 months. The important output of the Social Impact Assessment (SIA) shall include Social Impact Assessment

(SIA) report and Social Impact Management Plan (SIMP) along with the disclosure as prescribed under section 6 of the said act.

Any person interested in the manner Social Impact Assessment (SIA) is being carried out may contact at the following address:-

The land Acquisition Collector, Department of Housing Urban Development, Punjab, Ground Floor, PUDA Bhawan, Sector 62, Sahibzada Ajit Singh Nagar, Punjab.

| Summary of Land Area | | | |
|---|---|---|---|
| Sl. No | Village Name | Area | |
| | | K-M | Acres |
| 1 | Rasulpur | 0-17 | 0.1063 |
| 2 | Takipur | 4-0 | 0.5000 |
| 3 | Rajgarh | 42-12 | 5.3250 |
| 4 | Majra | 33-15 | 4.2188 |
| 5 | Kartarpur | 0-6 | 0.0375 |
| 6 | Kansala | 22-11 | 2.8188 |
| 7 | Hoshiyarpur | 2-4 | 0.2750 |
| | Grand Total | | 13.2814 |

Place:- Chandigarh
Dated: 22.04.2026

Vikas Garg, I.A.S
Principal Secretary, Govt. of pb.
Department of Housing and Urban Development

Endst No. H-U-H1/81/2026-6H1/749 Dated: 23/04/2026

A copy is forwarded to the Controller, Printing & Stationary, Punjab, Sahibzada Ajit Singh Nagar with a request to publish this notification in the Punjab Govt. Gazette (Extra Ordinary).

Additional Secretary



Scanned with OKEN Scanner

ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ
(ਮਕਾਨ ਉਸਾਰੀ-1 ਸ਼ਾਖਾ)

## ਸਮਾਜਿਕ ਪ੍ਰਭਾਵ ਮੁਲਾਂਕਣ ਸਬੰਧੀ ਅਧਿਸੂਚਨਾ

ਨੋਟੀਫਿਕੇਸ਼ਨ ਨੰ: H-U-H1/81/2026-6H1/448 ਮਿਤੀ: 23/04/2026.

ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ, (ਗਮਾਡਾ) ਨੂੰ ਪੰਜਾਬ ਸਰਕਾਰ ਵੱਲੋਂ ਸਾਹਿਬਜਾਦਾ ਅਜੀਤ ਸਿੰਘ ਨਗਰ, ਮੋਹਾਲੀ ਦੇ ਵਿਕਾਸ ਲਈ ਕਾਰਜ ਸੌਂਪਿਆ ਗਿਆ ਹੈ। ਇਸ ਸਬੰਧੀ ਗਮਾਡਾ ਵੱਲੋਂ ਨਿਊ ਚੰਡੀਗੜ੍ਹ ਦੇ ਪ੍ਰਵਾਨਤ ਮਾਸਟਰ ਪਲਾਨ ਅਨੁਸਾਰ ਡਰਾਇੰਗ ਨੰਬਰ 2252/15/ਡੀ.ਟੀ.ਪੀ. ਐਸ.ਏ.ਐਸ. ਨਗਰ, ਮਿਤੀ 28.12.2015 ਅਨੁਸਾਰ ਈਕੋਸਿਟੀ-3 ਦੇ ਰਿਹਾਇਸ਼ੀ ਪ੍ਰੋਜੈਕਟ ਲਈ ਜਗ੍ਹਾ ਐਕੁਆਇਰ ਕੀਤੀ ਗਈ ਸੀ ਜਿਸ ਵਿੱਚ ਕੁੱਝ ਖਸਰਾ ਨੰਬਰ ਐਕੁਆਇਰ ਕਰਨ ਤੋਂ ਰਹਿ ਗਏ ਸਨ, ਨੂੰ ਪ੍ਰਾਪਤ ਕਰਨ ਲਈ ਪਿੰਡ ਰਸੂਲਪੁਰ, ਤਕੀਪੁਰ, ਰਾਜਗੜ੍ਹ, ਮਾਜਰਾ, ਕਰਤਾਰਪੁਰ, ਕੰਸਾਲਾ ਅਤੇ ਹੁਸ਼ਿਆਰਪੁਰ, ਸਬ-ਤਹਿਸੀਲ ਮਾਜਰੀ, ਤਹਿਸੀਲ ਖਰੜ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਪੈਂਦੀ 13.2814 ਏਕੜ ਜਗ੍ਹਾ ਨੂੰ ਭੌਂ ਪ੍ਰਾਪਤੀ ਐਕਟ, 2013 ਤਹਿਤ ਐਕੁਆਇਰ ਕਰਨ ਹਿੱਤ ਤਜਵੀਜ਼ ਕੀਤਾ ਗਿਆ ਹੈ।

ਇੱਥੇ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸਮਾਜਿਕ ਪ੍ਰਭਾਵ ਮੁਲਾਂਕਣ, ਭੌਂ ਪ੍ਰਾਪਤੀ ਤੋਂ ਪ੍ਰਭਾਵਿਤ ਖੇਤਰ ਨਾਲ ਸਬੰਧਤ ਗ੍ਰਾਮ ਪੰਚਾਇਤਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਅਮਲ ਵਿੱਚ ਲਿਆਂਦਾ ਜਾਵੇਗਾ। ਉਪਰੋਕਤ ਪ੍ਰੋਜੈਕਟ ਲਈ ਪ੍ਰਸਤਾਵਿਤ ਭੌਂ ਪ੍ਰਾਪਤੀ 13.2814 ਏਕੜ ਦੀ ਹੋਵੇਗੀ। ਇਹ ਜਮੀਨ ਤਹਿਸੀਲ ਮੋਹਾਲੀ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ ਪੈਂਦੇ ਪਿੰਡ ਰਸੂਲਪੁਰ, ਤਕੀਪੁਰ, ਰਾਜਗੜ੍ਹ, ਮਾਜਰਾ, ਕਰਤਾਰਪੁਰ, ਕੰਸਾਲਾ ਅਤੇ ਹੁਸ਼ਿਆਰਪੁਰ, ਵਿੱਚੋਂ ਪ੍ਰਾਪਤ ਕੀਤੀ ਜਾਵੇਗੀ, ਜਿਸ ਕਰਕੇ ਉਕਤ ਪਿੰਡ ਹੀ ਇਸ ਦਾ ਪ੍ਰਭਾਵਿਤ ਖੇਤਰ ਹੋਣਗੇ। ਇਸ ਦੇ ਸਮਾਜਿਕ ਪ੍ਰਭਾਵ ਮੁਲਾਂਕਣ ਦੇ ਮੁੱਖ ਉਦੇਸ਼ ਇਸ ਪ੍ਰਕਾਰ ਹਨ:-

1) ਇਹ ਮੁਲਾਂਕਣ ਕਰਨਾ ਕਿ, ਕੀ ਤਜਵੀਜਤ ਭੌਂ ਪ੍ਰਾਪਤੀ ਲੋਕ ਹਿੱਤ ਦੀ ਪੂਰਤੀ ਕਰਦੀ ਹੈ?
2) ਭੌਂ ਪ੍ਰਾਪਤੀ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਗਿਣਤੀ ਦਾ ਅੰਦਾਜਾ ਲਗਾਉਣਾ ਅਤੇ ਅਜਿਹੇ ਪਰਿਵਾਰਾਂ ਵਿੱਚੋਂ ਕਿੰਨੇ ਪਰਿਵਾਰ ਉਜੜ/ਤਬਦੀਲ ਹੋ ਸਕਦੇ ਹਨ, ਦੱਸਣਾ।
3) ਇਹ ਵਿਚਾਰਿਆ ਜਾਣਾ ਕਿ ਤਜਵੀਜਤ ਭੌ ਪ੍ਰਾਪਤੀ ਕਰਨ ਨਾਲ ਕਿਸ ਹੱਦ ਤੱਕ ਜਨਤਕ ਅਤੇ ਨਿਜੀ ਭੌਂ, ਮਕਾਨ, ਬਸੇਵੇ ਅਤੇ ਹੋਰ ਸਾਂਝੀਆ ਸੰਪਤੀਆਂ ਪ੍ਰਭਾਵਿਤ ਹੋ ਸਕਦੀਆਂ ਹਨ।
4) ਇਹ ਦੱਸਣਾ ਕਿ ਕੀ ਤਜਵੀਜ ਕੀਤੀ ਭੌਂ ਲੋੜੀਂਦੇ ਪ੍ਰੋਜੈਕਟ ਲਈ ਘੱਟ ਤੋਂ ਘੱਟ ਹੈ?
5) ਬਦਲਵਾਂ ਸਥਾਨ (ਭੌਂ ਪ੍ਰਾਪਤੀ ਦੇ ਬਦਲੇ) ਸਪੱਸ਼ਟ ਕੀਤਾ ਜਾਣਾ (ਜੇਕਰ ਕੋਈ ਹੈ)।
6) ਸਮਾਜਿਕ ਪ੍ਰਭਾਵਾਂ ਦਾ ਅਧਿਐਨ, ਪ੍ਰਕਿਰਤੀ ਅਤੇ ਇਹਨਾਂ ਪ੍ਰਭਾਵਾਂ ਨੂੰ ਐਡਰੈਸ ਕਰਨ ਲਈ ਲੋੜੀਂਦੀ ਕੀਮਤ ਅਤੇ ਅਜਿਹੀ ਕੀਮਤ ਦਾ ਪ੍ਰੋਜੈਕਟ ਤੇ ਖਰਚ ਆਉਣ ਵਾਲੀ ਸਮੁੱਚੀ ਕੀਮਤ ਉਪਰ ਪ੍ਰਾਜੈਕਟ ਦੇ ਸਮੁੱਚੇ ਲਾਭਾਂ ਨਾਲ ਵੇਖਦੇ ਹੋਏ ਅਸਰ ਵੇਖਿਆ ਜਾਣਾ।

ਇਹ ਅਧਿਸੂਚਨਾ ਉਕਤ ਮੰਤਵਾਂ ਲਈ ਲੋੜੀਂਦੇਂ ਸਮਾਜਿਕ ਪ੍ਰਭਾਵਾਂ ਦੇ ਅਸਰ ਦਾ ਅਧਿਐਨ ਸ਼ੁਰੂ ਕਰਨ ਲਈ *"ਰਾਈਟ ਟੂ ਫੇਅਰ ਕੰਪਨਸੇਸ਼ਨ ਅਤੇ ਟਰਾਂਸਪੇਰੈਂਸੀ ਇੰਨ ਲੈਂਡ ਐਕੁਜੀਸ਼ਨ, ਰੀਹੈਬਲੀਟੇਸ਼ਨ ਅਤੇ ਰੀਸੈਟਲਮੈਂਟ ਐਕਟ 2013"* ਦੀ ਧਾਰਾ 4 (1) ਤਹਿਤ ਜਾਰੀ ਕੀਤੀ ਗਈ ਹੈ।

ਇੱਥੇ ਇਹ ਅਧੀਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਸਤਾਵਿਤ ਪ੍ਰੋਜੈਕਟ ਲਈ ਭੌਂ ਦੀ ਪ੍ਰਾਪਤੀ ਉਕਤ ਐਕਟ ਦੀ ਧਾਰਾ 2(1)-(ਈ) ਪ੍ਰੋਜੈਕਟ ਫਾਰ ਪਲੈਨਡ ਡਿਵੈਲਪਮੈਂਟ ਦੇ ਅਧਿਨਿਯਮ ਦੇ ਤਹਿਤ ਆਉਂਦੀ ਹੈ। ਇਸ ਕਰਕੇ ਧਾਰਾ 2(2) ਦੇ ਅਨੁਸਾਰ ਪੰਚਾਇਤ/ਭੌਂ ਮਾਲਕਾਂ ਦੀ ਸਹਿਮਤੀ ਪ੍ਰਾਜੈਕਟ ਲਈ ਲੋੜੀਂਦੀ ਨਹੀਂ। ਇਸ ਤੋਂ ਇਲਾਵਾ ਇਸ ਕੇਸ ਵਿੱਚ



Scanned with OKEN Scanner

ਸਮੁੱਚਾ ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ), ਸਬੰਧਤ ਗ੍ਰਾਮ ਪੰਚਾਇਤ ਅਤੇ ਪ੍ਰਭਾਵਿਤ ਪਰਿਵਾਰਾਂ/ਵਿਅਕਤੀਆਂ ਨਾਲ ਪਬਲੀਕ ਨੋਟਿਸ ਜਾਰੀ ਕਰਦੇ ਹੋਏ ਵਿਚਾਰ ਵਟਾਂਦਰੇ ਰਾਹੀਂ ਤਿਆਰ ਕੀਤਾ ਜਾਵੇਗਾ।

ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ), ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ), ਦੀ ਅਧਿਸੂਚਨਾ ਦੇ ਜਾਰੀ ਹੋਣ ਦੀ ਮਿਤੀ ਤੋਂ ਸ਼ੁਰੂ ਹੋਵੇਗਾ ਜੋ ਕਿ 6 ਮਹੀਨੇ ਦੇ ਵਿੱਚ- ਵਿੱਚ ਮੁਕੰਮਲ ਕੀਤਾ ਜਾਵੇਗਾ। ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਦੀ ਰਿਪੋਰਟ ਨਾਲ ਧਾਰਾ 4 (6) ਦੇ ਅਧੀਨ ਨਿਰਧਾਰਤ ਸਮਾਜਿਕ ਪ੍ਰਭਾਵਿਤ ਪ੍ਰਬੰਧਕੀ ਯੋਜਨਾ (ਐਸ.ਆਈ.ਐਮ.ਪੀ) ਦੀ ਪਬਲਿਕੇਸ਼ਨ ਐਕਟ ਦੀ ਧਾਰਾ 6(1) ਵਿੱਚ ਦਰਸਾਏ ਅਨੁਸਾਰ ਕੀਤੀ ਜਾਵੇਗੀ।

ਸਮਾਜਿਕ ਪ੍ਰਭਾਵ ਮੁਲਾਂਕਣ (ਐਸ.ਆਈ.ਏ) ਤਿਆਰ ਕਰਨ ਦੇ ਵਕਤ ਇਸ ਪ੍ਰੋਜੈਕਟ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਨਿਮਨ ਪਤੇ ਤੇ ਸੰਪਰਕ ਕਰ ਸਕਦੇ ਹਨ:-

ਭੌਂ ਪ੍ਰਾਪਤੀ ਕੂਲੈਕਟਰ, ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ (ਸੈਕਟਰ-62) ਸਾਹਿਬਜਾਦਾ ਅਜੀਤ ਸਿੰਘ ਨਗਰ ।

| ਭੌਂ ਦਾ ਵੇਰਵਾ | | | |
|---|---|---|---|
| ਲੜੀ ਨੰਬਰ | ਪਿੰਡ ਦਾ ਨਾਮ | ਰਕਬਾ | |
| | | ਕਨਾਲ-ਮਰਲਾ | ਰਕਬਾ ਏਕੜ ਵਿੱਚ |
| 1 | ਰਸੂਲਪੁਰ | 0-17 | 0.1063 |
| 2 | ਤਕੀਪੁਰ | 4-0 | 0.5000 |
| 3 | ਰਾਜਗੜ੍ਹ | 42-12 | 5.3250 |
| 4 | ਮਾਜਰਾ | 33-15 | 4.2188 |
| 5 | ਕਰਤਾਰਪੁਰ | 0-6 | 0.0375 |
| 6 | ਕੰਸਾਲਾ | 22-11 | 2.8188 |
| 7 | ਹੁਸ਼ਿਆਰਪੁਰ | 2-4 | 0.2750 |
| | ਕੁੱਲ ਰਕਬਾ | | 13.2814 |

ਵਿਕਾਸ ਗਰਗ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ

ਸਥਾਨ:-ਚੰਡੀਗੜ੍ਹ
ਮਿਤੀ:- 22.04.2026

ਪਿੱਠਅੰਕਣ ਨੰ: H-U-H1/81/2026-6H1/749 ਮਿਤੀ: 23/04/2026.

ਉਪਰੋਕਤ ਦਾ ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਪੰਜਾਬ ਨੂੰ ਭੇਜਦੇ ਹੋਏ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਗਜਟ (ਅਸਾਧਾਰਣ) ਵਿੱਚ ਛੱਪਣ ਦੀ ਬੇਨਤੀ ਕੀਤੀ ਜਾਂਦੀ ਹੈ।

ਵਧੀਕ ਸਕੱਤਰ